# Fourth Round of Foreign Office Consultations between India and Tunisia

April 30, 2021

……………………………………………………………………………………… …

## ਭਾਰਤ ਅਤੇ ਟਿਊਨੀਸ਼ੀਆ ਦੇ ਵਿਦੇਸ਼ ਦਫਤਰਾਂ ਦਰਮਿਆਨ ਮਸ਼ਵਰਿਆਂ ਦਾ ਚੌਥਾ ਗੇੜ

30 ਅਪ੍ਰੈਲ, 2021

ਭਾਰਤ ਅਤੇ ਟਿਊਨੀਸ਼ੀਆ ਦੇ ਵਿਦੇਸ਼ ਦਫਤਰਾਂ ਦਰਮਿਆਨ ਮਸ਼ਵਰਿਆਂ ਦਾ ਚੌਥਾ ਗੇੜ 30 ਅਪ੍ਰੈਲ, 2021 ਨੂੰ ਵਰਚੂਅਲ ਮਾਧਿਅਮ ਰਾਹੀਂ ਹੋਇਆ। ਭਾਰਤੀ ਵਫ਼ਦ ਦੀ ਅਗਵਾਈ (ਸਕੱਤਰ CPV & OIA) ਸੰਜੇ ਭੱਟਾਚਾਰੀਆ ਅਤੇ ਟਿਊਨੀਸ਼ੀਆ ਦੇ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰੀ ਸ਼੍ਰੀ ਮੁਹੰਮਦ ਅਲੀ ਨਫਤੀ ਕਰ ਰਹੇ ਸਨ। ਦੋਵਾਂ ਪੱਖਾਂ ਦੇ ਸੀਨੀਅਰ ਅਧਿਕਾਰੀਆਂ ਅਤੇ ਦੋਵਾਂ ਰਾਜਦੂਤਾਂ ਨੇ ਬੈਠਕ ਵਿੱਚ ਹਿੱਸਾ ਲਿਆ।

ਦੋਵਾਂ ਪੱਖਾਂ ਨੇ ਆਪਣੇ ਨਿੱਘੇ ਅਤੇ ਦੋਸਤਾਨਾ ਰਵਾਇਤੀ ਸਬੰਧਾਂ ਦੀ ਗੱਲ ਕੀਤੀ ਅਤੇ ਰਾਜਨੀਤਿਕ, ਆਰਥਿਕ, ਸਭਿਆਚਾਰਕ, ਵਪਾਰ ਅਤੇ ਕੌਂਸਲਰ ਸਮੇਤ ਸਾਰੇ ਖੇਤਰਾਂ ਵਿੱਚ ਦੁਵੱਲੇ ਸੰਬੰਧਾਂ ਦੀ ਮੌਜੂਦਾ ਸਥਿਤੀ ਦੀ ਵਿਸਤਾਰ ਨਾਲ ਸਮੀਖਿਆ ਕੀਤੀ। ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਭਵਿੱਖ ਵਿੱਚ ਦੁਵੱਲੇ ਸਹਿਯੋਗ ਦੇ ਵਾਧੇ ਦੀ ਦਿਸ਼ਾ 'ਤੇ ਵਿਸਥਾਰਪੂਰਵਕ ਵਿਚਾਰ ਵਟਾਂਦਰੇ ਵੀ ਕੀਤੇ ਗਏ। ਟਿਊਨੀਸ਼ੀਆਈ ਪੱਖ ਨੇ 2021-2022 ਵਿੱਚ ਮਨਾਏ ਜਾਣ ਵਾਲੇ ਭਾਰਤੀ ਸੁਤੰਤਰਤਾ ਦੇ 75 ਸਾਲਾਂ ਦੇ ਜਸ਼ਨ ਪ੍ਰਤੀ ਆਪਣੀ ਖੁਸ਼ੀ ਅਤੇ ਹਿਮਾਇਤ ਪ੍ਰਗਟ ਕੀਤੀ। ਭਾਰਤੀ ਪੱਖ ਨੇ ਟਿਊਨੀਸ਼ੀਆ ਵੱਲੋਂ ਅੰਤਰਰਾਸ਼ਟਰੀ ਸੋਲਰ ਅਲਾਇੰਸ ਵਿੱਚ ਸ਼ਾਮਲ ਹੋਣ ਦੇ ਫੈਸਲੇ ਦਾ ਸਵਾਗਤ ਕੀਤਾ।

ਦੋਵਾਂ ਪੱਖਾਂ ਨੇ ਵਧਦੇ ਆਰਥਿਕ ਅਤੇ ਟੈਕਨੋਲੋਜੀ ਜੁੜਾਅ ਦੀ ਗੱਲ ਕਹੀ। ਉਨ੍ਹਾਂ ਨੇ ਵਪਾਰ ਦੀ ਮਾਤਰਾ ਨੂੰ ਲਗਾਤਾਰ ਵਧਾਉਣ ਦੀ ਗੱਲ ਕਹੀ। ਉਨ੍ਹਾਂ ਨੇ ਨਿਵੇਸ਼ ਦੇ ਮੌਕਿਆਂ, ਖਾਸ ਕਰਕੇ ਨਵਿਆਉਣਯੋਗ ਊਰਜਾ, ਬੁਨਿਆਦੀ ਢਾਂਚਾ, ਆਵਾਜਾਈ ਅਤੇ ਵਾਹਨ, ਟੈਕਸਟਾਈਲ, ਖੇਤੀਬਾੜੀ, ਦਵਾਵਾਂ ਅਤੇ ਫਾਰਮਾਸਿਊਟਿਕਲ, ਹੈਲਥਕੇਅਰ, ਆਈ.ਸੀ.ਟੀ., ਐਸ.ਐਮ.ਈ. ਅਤੇ ਊਰਜਾ ਖੇਤਰਾਂ ਅੰਦਰ, ਦੀ ਗੱਲ ਕਹੀ। ਉਨ੍ਹਾਂ ਨੇ ਵਪਾਰਕ ਭਾਈਚਾਰੇ ਨੂੰ ਆਪਸੀ ਲਾਭ ਲਈ ਨੇੜਲਾ ਜੁੜਾਅ ਬਣਾਉਣ ਦੀ ਅਪੀਲ ਕੀਤੀ।

ਦੋਵਾਂ ਪੱਖਾਂ ਨੇ COVID -19 ਮਹਾਂਮਾਰੀ ਦੇ ਪ੍ਰਭਾਵ ਨੂੰ ਘਟਾਉਣ ਦੇ ਉਪਰਾਲਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ COVID -19 ਨਾਲ ਜੁੜੇ ਮੁੱਦਿਆਂ 'ਤੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ।

UNSC ਦੇ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਨੇ ਆਲਮੀ ਮੁੱਦਿਆਂ 'ਤੇ ਦੋਵਾਂ ਪੱਖਾਂ ਦਰਮਿਆਨ ਵਿਚਾਰਾਂ ਦੀ ਇੱਕਸਾਰਤਾ ਦਰਸਾਉਂਦੇ ਹੋਏ ਆਪਸੀ ਦਿਲਚਸਪੀ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ' ਤੇ ਵੀ ਵਿਚਾਰ ਵਟਾਂਦਰੇ ਕੀਤੇ।

ਦੋਵਾਂ ਪੱਖਾਂ ਨੇ ਬਾਕਾਇਦਾ ਮੁਲਾਕਾਤਾਂ ਅਤੇ ਵਿਚਾਰ ਵਟਾਂਦਰਿਆਂ ਰਾਹੀਂ ਆਪਸੀ ਸਬੰਧਾਂ ਵਿੱਚ ਆਈ ਤੇਜ਼ੀ ਦੀ ਰਫਤਾਰ ਨੂੰ ਕਾਇਮ ਰੱਖਣ ਦੀ ਮਹੱਤਤਾ 'ਤੇ ਸਹਿਮਤੀ ਦਿੱਤੀ ਅਤੇ ਸਾਂਝਾ ਕਮਿਸ਼ਨ ਦੀ ਅਗਲੀ ਮੰਤਰੀ ਪੱਧਰੀ ਬੈਠਕ ਨਵੀਂ ਦਿਲੀ ਵਿਖੇ ਆਪਸੀ ਸਹੂਲਤ ਦੇ ਸਮੇਂ ਤੇ ਕਰਾਉਣ ਉੱਤੇ ਵੀ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
30 ਅਪ੍ਰੈਲ, 2021

DISCLAIMER: This is an approximate translation. The original is available in English on MEA’s website and may be referred to as the official press release.